(i) Printed Pages : 3

(ii) Questions : 7

Roll No. ................................

Sub. Code : | 0 | 9 | 3 | 8 |

Exam. Code : | 0 | 0 | 3 | 0 |

**Bachelor of Computer Applications 4th Semester**

**(2054)**

**PUNJABI (Compulsory)**

**Paper–B (BCA-16-401)**

**Time Allowed : Three Hours]** **[Maximum Marks : 45**

**ਨੋਟ** :– (1) ਸਾਰੇ ਪ੍ਰਸ਼ਨ ਲਾਜ਼ਮੀ ਹਨ।

(2) ਲਿਖਾਈ ਸਾਫ਼ ਸੁਥਰੀ ਕਰੋ।

1. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ

ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।

ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ

ਸਾਡੇ ਬੱਚਿਆਂ ਦੀ ਤੋਤਲੀ ਕਵਿਤਾ

ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।

**ਜਾਂ**

ਤਕਦੀਰ ਤਾਂ ਆਪਣੀ ਸੌਂਕਣ ਸੀ
ਤਦਬੀਰਾਂ ਸਾਥੋਂ ਨਾ ਹੋਈਆਂ।
ਨਾ ਝੰਗ ਛੁਟਿਆ ਨਾ ਕੰਨ ਪਾਟੇ
ਝੁੰਡ ਲੰਘ ਗਿਆ ਇੰਜ ਹੀਰਾਂ ਦਾ।
ਮੇਰੇ ਗੀਤ ਵੀ ਲੋਕ ਸੁਣੀਂਦੇ ਨੇ
ਨਾਲ ਕਾਫ਼ਰ ਆਖ ਸਦੀਂਦੇ ਨੇ।
ਮੈਂ ਦਰਦ ਨੂੰ ਕਾਅਬਾ ਕਹਿ ਬੈਠਾ
ਰੱਬ ਨਾਂ ਰੱਖ ਬੈਠਾ ਪੀੜਾਂ ਦਾ। 5

2. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਕੇਂਦਰੀ-ਭਾਵ ਜਾਂ ਸਾਰ ਲਿਖੋ :

(ੳ) ਲੱਛੀ ਕੁੜੀ

(ਅ) ਭੋਲਾ ਪੰਛੀ

(ੲ) ਗ਼ਜ਼ਲ (ਕੋਈ ਡਾਲੀਆਂ 'ਚੋਂ)

(ਸ) ਸੌਂਕਣ ਮੇਲੇ ਦੀ। 5

3. ਕਿਸੇ **ਇੱਕ** ਕਵੀ ਜਾਂ ਕ਼ਹਾਣੀਕਾਰ ਦੇ ਜੀਵਨ, ਰਚਨਾ ਤੇ ਸਾਹਿਤ ਨੂੰ ਯੋਗਦਾਨ ਬਾਰੇ ਲਿਖੋ :

(ੳ) ਸੁਰਜੀਤ ਪਾਤਰ

(ਅ) ਰਘੁਬੀਰ ਢੰਡ। 8

4. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਗਧੀ ਵਾਲਾ

(ਅ) ਜਿੱਥੋਂ ਸੂਰਜ ਉੱਗਦਾ ਹੈ। 5

5. ਤੁਹਾਡੇ ਕਾਲਜ ਵਿੱਚ ਇੱਕ ਤ੍ਰੈ-ਭਾਸ਼ੀ ਕਵੀ ਦਰਬਾਰ ਕਰਵਾਇਆ ਗਿਆ। ਉਸ ਸੰਬੰਧੀ ਪ੍ਰੈੱਸ ਨੋਟ ਤਿਆਰ ਕਰੋ।

**ਜਾਂ**

ਤੁਹਾਡੇ ਕਾਲਜ ਵਿੱਚ 'ਸਪੋਰਟਸ ਡੇ' ਮਨਾਇਆ ਗਿਆ। ਉਸ ਸੰਬੰਧੀ ਪ੍ਰੈਸ ਨੋਟ ਲਿਖੋ। 8

6. ਤੁਸੀਂ ਆਪਣੇ ਸ਼ਹਿਰ ਵਿੱਚ ਕਾਰਾਂ ਵੇਚਣ ਦਾ ਸ਼ੋਅਰੂਮ ਖੋਲ੍ਹਿਆ ਹੈ। ਉਸ ਵਿੱਚ ਸੇਲਜ ਮੈਨੇਜਰ ਦੀ ਨਿਯੁਕਤੀ ਸੰਬੰਧੀ ਅਖ਼ਬਾਰ ਵਿੱਚ ਦੇਣ ਲਈ ਇਸ਼ਤਿਹਾਰ ਲਿਖੋ।

**ਜਾਂ**

ਤੁਸੀਂ ਕਿਸੇ ਸ਼ਹਿਰ ਵਿੱਚ 'ਫ਼ਾਸਟ ਫੂਡ' ਦੀ ਦੁਕਾਨ ਖੋਲ੍ਹੀ ਹੈ। ਉਸ ਨਾਲ ਸੰਬੰਧਿਤ ਅਖ਼ਬਾਰ ਵਿੱਚ ਦੇਣ ਲਈ ਇਸ਼ਤਿਹਾਰ ਲਿਖੋ। 7

7. ਹੇਠ ਲਿਖੇ ਪੈਰ੍ਹੇ ਦੇ ਵਿਸ਼ਰਾਮ ਚਿੰਨ੍ਹ ਲਗਾਓ :

ਜਗਤਾਰ ਬੋਲਿਆ ਤੈਨੂੰ ਪਤੈ ਬਈ ਜਦੋਂ ਇਕ ਵਾਰ ਪੱਗ ਦਾ ਲੜ ਅੜ ਜਾਵੇ ਫਿਰ ਤਾਂ ਮੁਸ਼ਕਿਲ ਨਾਲ ਈ ਸੂਤ ਆਉਂਦੀ ਆ। ਮੈਂ ਤਾਂ ਪੂਣੀ ਵੀ ਦੁਬਾਰਾ ਕਰਵਾ ਕੇ ਹਟਿਆ ਸੁਮੀਤ ਤੋਂ। 7